Alberta Government

ਨਿਊਜ਼ ਰਿਲੀਜ਼

# ਅਲਬਰਟਾ ਦੇ ਭਾਈਚਾਰਿਆਂ ਨੂੰ ਸੁਰੱਖਿਅਤ ਕਰਨਾ

ਮਈ 25, 2022 ਮੀਡੀਆ ਪੁੱਛਗਿੱਛ

---

## ਅਲਬਰਟਾ ਸਰਕਾਰ ਪਹਿਲੀ ਵਾਰ ਅਲਬਰਟਾ ਕ੍ਰਾਈਮ ਸਟੌਪਰਸ ਨੂੰ ਫੰਡ ਦੇ ਕੇ ਫਰੰਟ-ਲਾਈਨ ਤੇ ਅਪਰਾਧ ਰੋਕਣ ਲਈ ਨਿਵੇਸ਼ ਕਰ ਰਹੀ ਹੈ।

ਅਪਰਾਧ ਰੋਕਣ ਵਾਲੇ(ਕ੍ਰਾਈਮ ਸਟਾਪਰਜ਼) ਅਗਲੇ ਤਿੰਨ ਸਾਲਾਂ ਵਿੱਚ ਅਪਰਾਧ ਰੋਕਣ ਨੂੰ ਜਾਰੀ ਰੱਖਣ ਅਤੇ ਇੱਕ ਸੁਤੰਤਰ, ਸੂਬਾ ਵਿਆਪੀ ਅਪਰਾਧ ਰੋਕਥਾਮ ਟਾਸਕ ਫੋਰਸ ਬਣਾਉਣ ਲਈ 850,000 ਡਾਲਰ ਦੀ ਵਰਤੋਂ ਕਰਨਗੇ। ਨਿਵੇਸ਼ ਨੂੰ ਪੇਂਡੂ ਅਤੇ ਸ਼ਹਿਰੀ ਪੁਲਿਸ ਮੁਖੀਆਂ ਦਾ ਸਮਰਥਨ ਸੀ ਅਤੇ ਇਹ ਕਮਿਊਨਿਟੀ ਪੱਧਰ ਤੇ ਸੂਬੇ ਭਰ ਵਿੱਚ ਅਪਰਾਧ ਨਾਲ ਲੜਨ ਵਿੱਚ ਮਦਦ ਕਰੇਗਾ।

ਕ੍ਰਾਈਮ ਸਟਾਪਰਜ਼ ਦਾ ਪਿੱਛਲਾ ਕੰਮ ਅਲਬਰਟਾ ਵਿੱਚ ਕਾਨੂੰਨ ਲਾਗੂ ਕਰਨ ਵਿੱਚ ਸਹਾਇਤਾ ਪ੍ਰਤੀ ਇੰਨਾਂ ਦਾ ਮੁੱਲ ਦਰਸਾਉਂਦਾ ਹੈ। ਇਕੱਲੇ 2020 ਵਿੱਚ ਕ੍ਰਾਈਮ ਸਟਾਪਰਜ਼ ਨੂੰ 18,000 ਸੂਚਨਾਵਾਂ ਮਿਲੀਆਂ ਜਿਸ ਕਾਰਨ 400 ਗ੍ਰਿਫਤਾਰੀਆਂ ਹੋਈਆਂ, 1724 ਦੋਸ਼ ਲਗਾਏ ਗਏ ਅਤੇ 4.3 ਮਿਲੀਅਨ ਡਾਲਰ ਦੀ ਨਕਦੀ, ਨਸ਼ੀਲੇ ਪਦਾਰਥਾਂ ਅਤੇ ਚੋਰੀ ਦੀ ਜਾਇਦਾਦ ਰਿਕਵਰ ਅਤੇ ਜ਼ਬਤ ਕੀਤੀ ਗਈ।

## ਪ੍ਰਮੁੱਖ ਤੱਥ

- ਕਨੇਡਾ ਦੀ ਪਹਿਲੀ ਕ੍ਰਾਈਮ ਸਟਾਪਰਜ਼ ਸੰਸਥਾ ਦੀ ਸਥਾਪਨਾ 1982 ਵਿੱਚ ਕੈਲਗਰੀ ਵਿੱਚ ਕੀਤੀ ਗਈ ਸੀ।
- ਅਲਬਰਟਾ ਕ੍ਰਾਈਮ ਸਟਾਪਰਜ਼ ਦੇ ਚਾਰ ਚੈਪਟਰ(ਅਦਾਰੇ) ਹਨ: ਦੱਖਣੀ ਅਲਬਰਟਾ, ਕੈਲਗਰੀ, ਕੇਂਦਰੀ ਅਲਬਰਟਾ ਅਤੇ ਐਡਮਿੰਟਨ ਅਤੇ ਉੱਤਰੀ ਅਲਬਰਟਾ।
- ਸੂਬਾਈ ਫੰਡਿੰਗ ਵਿੱਚ 850,000 ਡਾਲਰ ਤਿੰਨ ਸਾਲਾਂ ਵਿੱਚ ਪ੍ਰਦਾਨ ਕੀਤੇ ਜਾਣਗੇ: 350,000 ਡਾਲਰ ਇਸ ਸਾਲ ਅਤੇ 500,000 ਡਾਲਰ ਅਗਲੇ ਦੋ ਸਾਲਾਂ ਵਿੱਚ।

- ਕ੍ਰਾਈਮ ਸਟਾਪਰਸ ਇੱਕ ਗੈਰ-ਲਾਭ, ਸਵੈਸੇਵੀ ਸੰਸਥਾ ਹੈ ਜੋ ਅਲਬਰਟਾ ਵਾਸੀਆਂ ਲਈ ਪੁਲਿਸ ਨੂੰ ਅਪਰਾਧ ਜਾਂ ਸੰਭਾਵੀ ਅਪਰਾਧ ਬਾਰੇ ਅਗਿਆਤ ਜਾਣਕਾਰੀ ਦੇਣ ਦੀ ਯੋਗਤਾ ਪ੍ਰਦਾਨ ਕਰਦੀ ਹੈ।




## ਸਬੰਧਿਤ ਜਾਣਕਾਰੀ

- Crime Stoppers Alberta(ਕ੍ਰਾਈਮ ਸਟਾਪਰਜ਼ ਅਲਬਰਟਾ)

View this announcement online

Government of Alberta newsroom

Contact government

Unsubscribe